ਸਾਜਨ ਸੰਤ ਕਰਹੁ ਇਹੁ ਕਾਮੁ ॥
saajan sant karahu ih kaam.
O friends, O Saints, make this your work.
ਆਨ ਤਿਆਗਿ ਜਪਹੁ ਹਰਿ ਨਾਮੁ ॥
aan ti-aag japahu har naam.
Renounce everything else, and chant the Name of the Lord.
ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥
simar simar simar sukh paavhu.
Meditate, meditate, meditate in remembrance of Him, and find peace.
ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥
aap japahu avrah naam japaavhu.
Chant the Naam yourself, and inspire others to chant it.
ਭਗਤਿ ਭਾਇ ਤਰੀਐ ਸੰਸਾਰੁ ॥
bhagat bhaa-ay taree-ai sansaar.
By loving devotional worship, you shall cross over the world-ocean.
ਬਿਨੁ ਭਗਤੀ ਤਨੁ ਹੋਸੀ ਛਾਰੁ ॥
bin bhagtee tan hosee chhaar.
Without devotional meditation, the body will be just ashes.
ਸਰਬ ਕਲਿਆਣ ਸੂਖ ਨਿਧਿ ਨਾਮੁ ॥
sarab kali-aan sookh niDh naam.
All joys and comforts are in the treasure of the Naam.
ਬੂਡਤ ਜਾਤ ਪਾਏ ਬਿਸ੍ਰਾਮੁ ॥
boodat jaat paa-ay bisraam.
Even the drowning can reach the place of rest and safety.

ਸਗਲ ਦੂਖ ਕਾ ਹੋਵਤ ਨਾਸੁ ॥
sagal <u>d</u>oo<u>kh</u> kaa hova<u>t</u> naas.
All sorrows shall vanish.
ਨਾਨਕ ਨਾਮੁ ਜਪਹੁ ਗੁਨਤਾਸੁ ॥੫॥
naanak naam japahu gun<u>t</u>aas. ||5||
O Nanak, chant the Naam, the treasure of excellence. ||5||
ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥
upjee paree<u>t</u> paraym ras chaa-o.
Love and affection, and the taste of yearning, have welled up within;
ਮਨ ਤਨ ਅੰਤਰਿ ਇਹੀ ਸੁਆਉ ॥
man <u>t</u>an an<u>t</u>ar ihee su-aa-o.
within my mind and body, this is my purpose:
ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ ॥
nay<u>t</u>arahu pay<u>kh</u> <u>d</u>aras su<u>kh</u> ho-ay.
beholding with my eyes His Blessed Vision, I am at peace.
ਮਨੁ ਬਿਗਸੈ ਸਾਧ ਚਰਨ ਧੋਇ ॥
man bigsai saa<u>Dh</u> charan <u>Dh</u>o-ay.
My mind blossoms forth in ecstasy, washing the feet of the Holy.
ਭਗਤ ਜਨਾ ਕੈ ਮਨਿ ਤਨਿ ਰੰਗੁ ॥
<u>bh</u>aga<u>t</u> janaa kai man <u>t</u>an rang.
The minds and bodies of His devotees are infused with His Love.
ਬਿਰਲਾ ਕੋਊ ਪਾਵੈ ਸੰਗੁ ॥
birlaa ko-oo paavai sang.
Rare is the one who obtains their company.
ਏਕ ਬਸਤੁ ਦੀਜੈ ਕਰਿ ਮਇਆ ॥
ayk basa<u>t</u> <u>d</u>eejai kar ma-i-aa.
Show Your mercy - please, grant me this one request:
ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥
gur parsaa<u>d</u> naam jap la-i-aa.
by Guru's Grace, may I chant the Naam.
ਤਾ ਕੀ ਉਪਮਾ ਕਹੀ ਨ ਜਾਇ ॥
<u>t</u>aa kee upmaa kahee na jaa-ay.
His Praises cannot be spoken;

ਨਾਨਕ ਰਹਿਆ ਸਰਬ ਸਮਾਇ ॥੬॥

naanak rahi-aa sarab samaa-ay. ||6||

O Nanak, He is contained among all. ||6||

ਪ੍ਰਭ ਬਖਸੰਦ ਦੀਨ ਦਇਆਲ ॥

parabh bakhsand deen da-i-aal.

God, the Forgiving Lord, is kind to the poor.

ਭਗਤਿ ਵਛਲ ਸਦਾ ਕਿਰਪਾਲ ॥

bhagat vachhal sadaa kirpaal.

He loves His devotees, and He is always merciful to them.

ਅਨਾਥ ਨਾਥ ਗੋਬਿੰਦ ਗੁਪਾਲ ॥

anaath naath gobind gupaal.

The Patron of the patronless, the Lord of the Universe, the Sustainer of the world,

ਸਰਬ ਘਟਾ ਕਰਤ ਪ੍ਰਤਿਪਾਲ ॥

sarab ghataa karat partipaal.

the Nourisher of all beings.

ਆਦਿ ਪੁਰਖ ਕਾਰਣ ਕਰਤਾਰ ॥

aad purakh kaaran kartaar.

The Primal Being, the Creator of the Creation.

ਭਗਤ ਜਨਾ ਕੇ ਪ੍ਰਾਨ ਅਧਾਰ ॥

bhagat janaa kay paraan aDhaar.

The Support of the breath of life of His devotees.

ਜੋ ਜੋ ਜਪੈ ਸੁ ਹੋਇ ਪੁਨੀਤ ॥

jo jo japai so ho-ay puneet.

Whoever meditates on Him is sanctified,

ਭਗਤਿ ਭਾਇ ਲਾਵੈ ਮਨ ਹੀਤ ॥

bhagat bhaa-ay laavai man heet.

focusing the mind in loving devotional worship.

ਹਮ ਨਿਰਗੁਨੀਆਰ ਨੀਚ ਅਜਾਨ ॥

ham nirgunee-aar neech ajaan.

I am unworthy, lowly and ignorant.

ਨਾਨਕ ਤੁਮਰੀ ਸਰਨਿ ਪੁਰਖ ਭਗਵਾਨ ॥੭॥

naanak tumree saran purakh bhagvaan. ||7||

Nanak has entered Your Sanctuary, O Supreme Lord God. ||7||

ਸਰਬ ਬੈਕੁੰਠ ਮੁਕਤਿ ਮੋਖ ਪਾਏ ॥

sarab baikunth mukat mokh paa-ay.

Everything is obtained: the heavens, liberation and deliverance,

ਏਕ ਨਿਮਖ ਹਰਿ ਕੇ ਗੁਨ ਗਾਏ ॥

ayk nimakh har kay gun gaa-ay.

if one sings the Lord's Glories, even for an instant.

ਅਨਿਕ ਰਾਜ ਭੋਗ ਬਡਿਆਈ ॥

anik raaj bhog badi-aa-ee.

So many realms of power, pleasures and great glories,

ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥

har kay naam kee kathaa man bhaa-ee.

come to one whose mind is pleased with the Sermon of the Lord's Name.

ਬਹੁ ਭੋਜਨ ਕਾਪਰ ਸੰਗੀਤ ॥

baho bhojan kaapar sangeet.

Abundant foods, clothes and music

ਰਸਨਾ ਜਪਤੀ ਹਰਿ ਹਰਿ ਨੀਤ ॥

rasnaa japtee har har neet.

come to one whose tongue continually chants the Lord's Name, Har, Har.

ਭਲੀ ਸੁ ਕਰਨੀ ਸੋਭਾ ਧਨਵੰਤ ॥

bhalee so karnee sobhaa Dhanvant.

His actions are good, he is glorious and wealthy;

ਹਿਰਦੈ ਬਸੇ ਪੂਰਨ ਗੁਰ ਮੰਤ ॥

hirdai basay pooran gur mant.

the Mantra of the Perfect Guru dwells within his heart.

ਸਾਧਸੰਗਿ ਪ੍ਰਭ ਦੇਹੁ ਨਿਵਾਸ ॥

saaDhsang parabh dayh nivaas.

O God, grant me a home in the Company of the Holy.

ਸਰਬ ਸੂਖ ਨਾਨਕ ਪਰਗਾਸ ॥੮॥੨੦॥

sarab sookh naanak pargaas. ||8||20||

All pleasures, O Nanak, are so revealed. ||8||20||

ਸਲੋਕੁ ॥
salok.
Shalok:
ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
sargun nirgun nirankaar sunn samaaDhee aap.
He possesses all qualities; He transcends all qualities; He is the Formless Lord. He Himself is in Primal Samaadhi.
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥
aapan kee-aa naankaa aapay hee fir jaap. ||1||
Through His Creation, O Nanak, He meditates on Himself. ||1||

ਅਸਟਪਦੀ ॥
asatpadee.
Ashtapadee:
ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥
jab akaar ih kachh na daristaytaa.
When this world had not yet appeared in any form,
ਪਾਪ ਪੁੰਨ ਤਬ ਕਹ ਤੇ ਹੋਤਾ ॥
paap punn tab kah tay hotaa.
who then committed sins and performed good deeds?
ਜਬ ਧਾਰੀ ਆਪਨ ਸੁੰਨ ਸਮਾਧਿ ॥
jab Dhaaree aapan sunn samaaDh.
When the Lord Himself was in Profound Samaadhi,
ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥
tab bair biroDh kis sang kamaat.
then against whom were hate and jealousy directed?
ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ॥
jab is kaa baran chihan na jaapat.
When there was no color or shape to be seen,
ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ॥
tab harakh sog kaho kiseh bi-aapat.
then who experienced joy and sorrow?

ਜਬ ਆਪਨ ਆਪ ਆਪਿ ਪਾਰਬ੍ਰਹਮ ॥
jab aapan aap aap paarbarahm.
When the Supreme Lord Himself was Himself All-in-all,
ਤਬ ਮੋਹ ਕਹਾ ਕਿਸੁ ਹੋਵਤ ਭਰਮ ॥
tab moh kahaa kis hovat bharam.
then where was emotional attachment, and who had doubts?
ਆਪਨ ਖੇਲੁ ਆਪਿ ਵਰਤੀਜਾ ॥
aapan khayl aap varteejaa.
He Himself has staged His own drama;
ਨਾਨਕ ਕਰਨੈਹਾਰੁ ਨ ਦੂਜਾ ॥੧॥
naanak karnaihaar na doojaa. ||1||
O Nanak, there is no other Creator. ||1||
ਜਬ ਹੋਵਤ ਪ੍ਰਭ ਕੇਵਲ ਧਨੀ ॥
jab hovat parabh kayval Dhanee.
When there was only God the Master,
ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ ॥
tab banDh mukat kaho kis ka-o ganee.
then who was called bound or liberated?
ਜਬ ਏਕਹਿ ਹਰਿ ਅਗਮ ਅਪਾਰ ॥
jab aykeh har agam apaar.
When there was only the Lord, Unfathomable and Infinite,
ਤਬ ਨਰਕ ਸੁਰਗ ਕਹੁ ਕਉਨ ਅਉਤਾਰ ॥
tab narak surag kaho ka-un a-utaar.
then who entered hell, and who entered heaven?
ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥
jab nirgun parabh sahj subhaa-ay.
When God was without attributes, in absolute poise,
ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥
tab siv sakat kahhu kit thaa-ay.
then where was mind and where was matter - where was Shiva and Shakti?
ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥
jab aapeh aap apnee jot Dharai.
When He held His Own Light unto Himself,

ਤਬ ਕਵਨ ਨਿਡਰੁ ਕਵਨ ਕਤ ਡਰੈ ॥
tab kavan nidar kavan kat darai.
then who was fearless, and who was afraid?
ਆਪਨ ਚਲਿਤ ਆਪਿ ਕਰਨੈਹਾਰ ॥
aapan chalit aap karnaihaar.
He Himself is the Performer in His own plays;
ਨਾਨਕ ਠਾਕੁਰ ਅਗਮ ਅਪਾਰ ॥੨॥
naanak thaakur agam apaar. ||2||
O Nanak, the Lord Master is Unfathomable and Infinite. ||2||
ਅਬਿਨਾਸੀ ਸੁਖ ਆਪਨ ਆਸਨ ॥
abhinaasee sukh aapan aasan.
When the Immortal Lord was seated at ease,
ਤਹ ਜਨਮ ਮਰਨ ਕਹੁ ਕਹਾ ਬਿਨਾਸਨ ॥
tah janam maran kaho kahaa binaasan.
then where was birth, death and dissolution?
ਜਬ ਪੂਰਨ ਕਰਤਾ ਪ੍ਰਭੁ ਸੋਇ ॥
jab pooran kartaa parabh so-ay.
When there was only God, the Perfect Creator,
ਤਬ ਜਮ ਕੀ ਤ੍ਰਾਸ ਕਹਹੁ ਕਿਸੁ ਹੋਇ ॥
tab jam kee taraas kahhu kis ho-ay.
then who was afraid of death?
ਜਬ ਅਬਿਗਤ ਅਗੋਚਰ ਪ੍ਰਭ ਏਕਾ ॥
jab abigat agochar parabh aykaa.
When there was only the One Lord, unmanifest and incomprehensible,
ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ॥
tab chitar gupat kis poochhat laykhaa.
then who was called to account by the recording scribes of the conscious and the subconscious?
ਜਬ ਨਾਥ ਨਿਰੰਜਨ ਅਗੋਚਰ ਅਗਾਧੇ ॥
jab naath niranjan agochar agaaDhay.
When there was only the Immaculate, Incomprehensible, Unfathomable Master,
ਤਬ ਕਉਨ ਛੁਟੇ ਕਉਨ ਬੰਧਨ ਬਾਧੇ ॥
tab ka-un chhutay ka-un banDhan baaDhay.
then who was emancipated, and who was held in bondage?

ਆਪਨ ਆਪ ਆਪ ਹੀ ਅਚਰਜਾ ॥

aapan aap aap hee acharjaa.

He Himself, in and of Himself, is the most wonderful.

ਨਾਨਕ ਆਪਨ ਰੂਪ ਆਪ ਹੀ ਉਪਰਜਾ ॥੩॥

naanak aapan roop aap hee uparjaa. ||3||

O Nanak, He Himself created His Own Form. ||3||

ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ॥

jah nirmal purakh purakh pat hotaa.

When there was only the Immaculate Being, the Lord of beings,

ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥

tah bin mail kahhu ki-aa Dhotaa.

there was no filth, so what was there to be washed clean?

ਜਹ ਨਿਰੰਜਨ ਨਿਰੰਕਾਰ ਨਿਰਬਾਨ ॥

jah niranjan nirankaar nirbaan.

When there was only the Pure, Formless Lord in Nirvaanaa,

ਤਹ ਕਉਨ ਕਉ ਮਾਨ ਕਉਨ ਅਭਿਮਾਨ ॥

tah ka-un ka-o maan ka-un abhimaan.

then who was honored, and who was dishonored?

ਜਹ ਸਰੂਪ ਕੇਵਲ ਜਗਦੀਸ ॥

jah saroop kayval jagdees.

When there was only the Form of the Lord of the Universe,

ਤਹ ਛਲ ਛਿਦ੍ਰ ਲਗਤ ਕਹੁ ਕੀਸ ॥

tah chhal chhidar lagat kaho kees.

then who was tainted by fraud and sin?

ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥

jah jot saroopee jot sang samaavai.

When the Embodiment of Light was immersed in His Own Light,

ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ ॥

tah kiseh bhookh kavan tariptaavai.

then who was hungry, and who was satisfied?

ਕਰਨ ਕਰਾਵਨ ਕਰਨੈਹਾਰੁ ॥

karan karaavan karnaihaar.

He is the Cause of causes, the Creator Lord.

ਨਾਨਕ ਕਰਤੇ ਕਾ ਨਾਹਿ ਸੁਮਾਰੁ ॥੪॥
naanak kartay kaa naahi sumaar. ||4||
O Nanak, the Creator is beyond calculation. ||4||
ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ॥
jab apnee sobhaa aapan sang banaa-ee.
When His Glory was contained within Himself,
ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ ॥
tab kavan maa-ay baap mitar sut bhaa-ee.
then who was mother, father, friend, child or sibling?
ਜਹ ਸਰਬ ਕਲਾ ਆਪਹਿ ਪਰਬੀਨ ॥
jah sarab kalaa aapeh parbeen.
When all power and wisdom was latent within Him,
ਤਹ ਬੇਦ ਕਤੇਬ ਕਹਾ ਕੋਊ ਚੀਨ ॥
tah bayd katayb kahaa ko-oo cheen.
then where were the Vedas and the scriptures, and who was there to read them?
ਜਬ ਆਪਨ ਆਪੁ ਆਪਿ ਉਰਿ ਧਾਰੈ ॥
jab aapan aap aap ur Dhaarai.
When He kept Himself, All-in-all, unto His Own Heart,
ਤਉ ਸਗਨ ਅਪਸਗਨ ਕਹਾ ਬੀਚਾਰੈ ॥
ta-o sagan apasgan kahaa beechaarai.
then who considered omens to be good or bad?
ਜਹ ਆਪਨ ਊਚ ਆਪਨ ਆਪਿ ਨੇਰਾ ॥
jah aapan ooch aapan aap nayraa.
When He Himself was lofty, and He Himself was near at hand,
ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ ॥
tah ka-un thaakur ka-un kahee-ai chayraa.
then who was called master, and who was called disciple?
ਬਿਸਮਨ ਬਿਸਮ ਰਹੇ ਬਿਸਮਾਦ ॥
bisman bisam rahay bismaad.
We are wonder-struck at the wondrous wonder of the Lord.
ਨਾਨਕ ਅਪਨੀ ਗਤਿ ਜਾਨਹੁ ਆਪਿ ॥੫॥
naanak apnee gat jaanhu aap. ||5||
O Nanak, He alone knows His own state. ||5||

ਜਹ ਅਛਲ ਅਛੇਦ ਅਭੇਦ ਸਮਾਇਆ ॥
jah achhal achhayd abhayd samaa-i-aa.
When the Undeceiveable, Impenetrable, Inscrutable One was self-absorbed,
ਊਹਾ ਕਿਸਹਿ ਬਿਆਪਤ ਮਾਇਆ ॥
oohaa kiseh bi-aapat maa-i-aa.
then who was swayed by Maya?
ਆਪਸ ਕਉ ਆਪਹਿ ਆਦੇਸੁ ॥
aapas ka-o aapeh aadays.
When He paid homage to Himself,
ਤਿਹੁ ਗੁਣ ਕਾ ਨਾਹੀ ਪਰਵੇਸੁ ॥
tihu gun kaa naahee parvays.
then the three qualities were not prevailing.
ਜਹ ਏਕਹਿ ਏਕ ਏਕ ਭਗਵੰਤਾ ॥
jah aykeh ayk ayk bhagvantaa.
When there was only the One, the One and Only Lord God,
ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ ॥
tah ka-un achint kis laagai chintaa.
then who was not anxious, and who felt anxiety?
ਜਹ ਆਪਨ ਆਪੁ ਆਪਿ ਪਤੀਆਰਾ ॥
jah aapan aap aap patee-aaraa.
When He Himself was satisfied with Himself,
ਤਹ ਕਉਨੁ ਕਥੈ ਕਉਨੁ ਸੁਨਨੈਹਾਰਾ ॥
tah ka-un kathai ka-un sunnaihaaraa.
then who spoke and who listened?
ਬਹੁ ਬੇਅੰਤ ਊਚ ਤੇ ਊਚਾ ॥
baho bay-ant ooch tay oochaa.
He is vast and infinite, the highest of the high.
ਨਾਨਕ ਆਪਸ ਕਉ ਆਪਹਿ ਪਹੂਚਾ ॥੬॥
naanak aapas ka-o aapeh pahoochaa. ||6||
O Nanak, He alone can reach Himself. ||6||
ਜਹ ਆਪਿ ਰਚਿਓ ਪਰਪੰਚੁ ਅਕਾਰੁ ॥
jah aap rachi-o parpanch akaar.
When He Himself fashioned the visible world of the creation,

ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥

tihu gun meh keeno bisthaar.

he made the world subject to the three dispositions.

ਪਾਪੁ ਪੁੰਨੁ ਤਹ ਭਈ ਕਹਾਵਤ ॥

paap punn tah bha-ee kahaavat.

Sin and virtue then began to be spoken of.

ਕੋਊ ਨਰਕ ਕੋਊ ਸੁਰਗ ਬੰਛਾਵਤ ॥

ko-oo narak ko-oo surag banchhaavat.

Some have gone to hell, and some yearn for paradise.

ਆਲ ਜਾਲ ਮਾਇਆ ਜੰਜਾਲ ॥

aal jaal maa-i-aa janjaal.

Worldly snares and entanglements of Maya,

ਹਉਮੈ ਮੋਹ ਭਰਮ ਭੈ ਭਾਰ ॥

ha-umai moh bharam bhai bhaar.

egotism, attachment, doubt and loads of fear;

ਦੂਖ ਸੂਖ ਮਾਨ ਅਪਮਾਨ ॥

dookh sookh maan apmaan.

pain and pleasure, honor and dishonor

ਅਨਿਕ ਪ੍ਰਕਾਰ ਕੀਓ ਬਖ੍ਯ੍ਯਾਨ ॥

anik parkaar kee-o bakh-yaan.

- these came to be described in various ways.

ਆਪਨ ਖੇਲੁ ਆਪਿ ਕਰਿ ਦੇਖੈ ॥

aapan khayl aap kar daykhai.

He Himself creates and beholds His own drama.

ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥

khayl sankochai ta-o naanak aykai. ||7||

He winds up the drama, and then, O Nanak, He alone remains. ||7||

ਜਹ ਅਬਿਗਤੁ ਭਗਤੁ ਤਹ ਆਪਿ ॥

jah abigat bhagat tah aap.

Wherever the Eternal Lord's devotee is, He Himself is there.

ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥

jah pasrai paasaar sant partaap.

He unfolds the expanse of His creation for the glory of His Saint.

ਦੁਹੂ ਪਾਖ ਕਾ ਆਪਹਿ ਧਨੀ ॥
duhoo paakh kaa aapeh Dhanee.
He Himself is the Master of both worlds.
ਉਨ ਕੀ ਸੋਭਾ ਉਨਹੂ ਬਨੀ ॥
un kee sobhaa unhoo banee.
His Praise is to Himself alone.
ਆਪਹਿ ਕਉਤਕ ਕਰੈ ਅਨਦ ਚੋਜ ॥
aapeh ka-utak karai anad choj.
He Himself performs and plays His amusements and games.
ਆਪਹਿ ਰਸ ਭੋਗਨ ਨਿਰਜੋਗ ॥
aapeh ras bhogan nirjog.
He Himself enjoys pleasures, and yet He is unaffected and untouched.
ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥
jis bhaavai tis aapan naa-ay laavai.
He attaches whomever He pleases to His Name.
ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥
jis bhaavai tis khayl khilaavai.
He causes whomever He pleases to play in His play.
ਬੇਸੁਮਾਰ ਅਥਾਹ ਅਗਨਤ ਅਤੋਲੈ ॥
baysumaar athaah agnat atolai.
He is beyond calculation, beyond measure, uncountable and unfathomable.
ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥੨੧॥
ji-o bulaavhu ti-o naanak daas bolai. ||8||21||
As You inspire him to speak, O Lord, so does servant Nanak speak. ||8||21||

ਸਲੋਕੁ ॥
salok.
Shalok:
ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ ॥
jee-a jant kay thaakuraa aapay vartanhaar.
O Lord and Master of all beings and creatures, You Yourself are prevailing everywhere.

ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ ॥੧॥
naanak ayko pasri-aa doojaa kah daristaar. ||1||
O Nanak, The One is All-pervading; where is any other to be seen? ||1||

ਅਸਟਪਦੀ ॥
asatpadee.
Ashtapadee:
ਆਪਿ ਕਥੈ ਆਪਿ ਸੁਨਨੈਹਾਰੁ ॥
aap kathai aap sunnaihaar.
He Himself is the speaker, and He Himself is the listener.
ਆਪਹਿ ਏਕੁ ਆਪਿ ਬਿਸਥਾਰੁ ॥
aapeh ayk aap bisthaar.
He Himself is the One, and He Himself is the many.
ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥
jaa tis bhaavai taa sarisat upaa-ay.
When it pleases Him, He creates the world.
ਆਪਨੈ ਭਾਣੈ ਲਏ ਸਮਾਏ ॥
aapnai bhaanai la-ay samaa-ay.
As He pleases, He absorbs it back into Himself.
ਤੁਮ ਤੇ ਭਿੰਨ ਨਹੀ ਕਿਛੁ ਹੋਇ ॥
tum tay bhinn nahee kichh ho-ay.
Without You, nothing can be done.
ਆਪਨ ਸੂਤਿ ਸਭੁ ਜਗਤੁ ਪਰੋਇ ॥
aapan soot sabh jagat paro-ay.
Upon Your thread, You have strung the whole world.
ਜਾ ਕਉ ਪ੍ਰਭ ਜੀਉ ਆਪਿ ਬੁਝਾਏ ॥
jaa ka-o parabh jee-o aap bujhaa-ay.
One whom God Himself inspires to understand
ਸਚੁ ਨਾਮੁ ਸੋਈ ਜਨੁ ਪਾਏ ॥
sach naam so-ee jan paa-ay.
- that person obtains the True Name.
ਸੋ ਸਮਦਰਸੀ ਤਤ ਕਾ ਬੇਤਾ ॥
so samadrasee tat kaa baytaa.
He looks impartially upon all, and he knows the essential reality.

ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥੧॥
naanak sagal sarisat kaa jaytaa. ||1||
O Nanak, he conquers the whole world. ||1||
ਜੀਅ ਜੰਤ੍ਰ ਸਭ ਤਾ ਕੈ ਹਾਥ ॥
jee-a jantar sabh taa kai haath.
All beings and creatures are in His Hands.
ਦੀਨ ਦਇਆਲ ਅਨਾਥ ਕੋ ਨਾਥੁ ॥
deen da-i-aal anaath ko naath.
He is Merciful to the meek, the Patron of the patronless.
ਜਿਸੁ ਰਾਖੈ ਤਿਸੁ ਕੋਇ ਨ ਮਾਰੈ ॥
jis raakhai tis ko-ay na maarai.
No one can kill those who are protected by Him.
ਸੋ ਮੂਆ ਜਿਸੁ ਮਨਹੁ ਬਿਸਾਰੈ ॥
so moo-aa jis manhu bisaarai.
One who is forgotten by God, is already dead.
ਤਿਸੁ ਤਜਿ ਅਵਰ ਕਹਾ ਕੋ ਜਾਇ ॥
tis taj avar kahaa ko jaa-ay.
Leaving Him, where else could anyone go?
ਸਭ ਸਿਰਿ ਏਕੁ ਨਿਰੰਜਨ ਰਾਇ ॥
sabh sir ayk niranjan raa-ay.
Over the heads of all is the One, the Immaculate King.
ਜੀਅ ਕੀ ਜੁਗਤਿ ਜਾ ਕੈ ਸਭ ਹਾਥਿ ॥
jee-a kee jugat jaa kai sabh haath.
The ways and means of all beings are in His Hands.
ਅੰਤਰਿ ਬਾਹਰਿ ਜਾਨਹੁ ਸਾਥਿ ॥
antar baahar jaanhu saath.
Inwardly and outwardly, know that He is with you.
ਗੁਨ ਨਿਧਾਨ ਬੇਅੰਤ ਅਪਾਰ ॥
gun niDhaan bay-ant apaar.
He is the Ocean of excellence, infinite and endless.
ਨਾਨਕ ਦਾਸ ਸਦਾ ਬਲਿਹਾਰ ॥੨॥
naanak daas sadaa balihaar. ||2||
Slave Nanak is forever a sacrifice to Him. ||2||
ਪੂਰਨ ਪੂਰਿ ਰਹੇ ਦਇਆਲ ॥
pooran poor rahay da-i-aal.
The Perfect, Merciful Lord is pervading everywhere.

ਸਭ ਊਪਰਿ ਹੋਵਤ ਕਿਰਪਾਲ ॥
sabh oopar hovat kirpaal.
His kindness extends to all.
ਅਪਨੇ ਕਰਤਬ ਜਾਨੈ ਆਪਿ ॥
apnay kartab jaanai aap.
He Himself knows His own ways.
ਅੰਤਰਜਾਮੀ ਰਹਿਓ ਬਿਆਪਿ ॥
antarjaamee rahi-o bi-aap.
The Inner-knower, the Searcher of hearts, is present everywhere.
ਪ੍ਰਤਿਪਾਲੈ ਜੀਅਨ ਬਹੁ ਭਾਤਿ ॥
paratipaalai jee-an baho bhaat.
He cherishes His living beings in so many ways.
ਜੋ ਜੋ ਰਚਿਓ ਸੁ ਤਿਸਹਿ ਧਿਆਤਿ ॥
jo jo rachi-o so tiseh Dhi-aat.
That which He has created meditates on Him.
ਜਿਸੁ ਭਾਵੈ ਤਿਸੁ ਲਏ ਮਿਲਾਇ ॥
jis bhaavai tis la-ay milaa-ay.
Whoever pleases Him, He blends into Himself.
ਭਗਤਿ ਕਰਹਿ ਹਰਿ ਕੇ ਗੁਣ ਗਾਇ ॥
bhagat karahi har kay gun gaa-ay.
They perform His devotional service and sing the Glorious Praises of the Lord.
ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥
man antar bisvaas kar maani-aa.
With heart-felt faith, they believe in Him.
ਕਰਨਹਾਰੁ ਨਾਨਕ ਇਕੁ ਜਾਨਿਆ ॥੩॥
karanhaar naanak ik jaani-aa. ||3||
O Nanak, they realize the One, the Creator Lord. ||3||
ਜਨੁ ਲਾਗਾ ਹਰਿ ਏਕੈ ਨਾਇ ॥
jan laagaa har aykai naa-ay.
The Lord's humble servant is committed to His Name.
ਤਿਸ ਕੀ ਆਸ ਨ ਬਿਰਥੀ ਜਾਇ ॥
tis kee aas na birthee jaa-ay.
His hopes do not go in vain.

ਸੇਵਕ ਕਉ ਸੇਵਾ ਬਨਿ ਆਈ ॥
sayvak ka-o sayvaa ban aa-ee.
The servant's purpose is to serve;
ਹੁਕਮੁ ਬੂਝਿ ਪਰਮ ਪਦੁ ਪਾਈ ॥
hukam boojh param pad paa-ee.
obeying the Lord's Command, the supreme status is obtained.
ਇਸ ਤੇ ਊਪਰਿ ਨਹੀ ਬੀਚਾਰੁ ॥
is tay oopar nahee beechaar.
Beyond this, he has no other thought.
ਜਾ ਕੈ ਮਨਿ ਬਸਿਆ ਨਿਰੰਕਾਰੁ ॥
jaa kai man basi-aa nirankaar.
Within his mind, the Formless Lord abides.
ਬੰਧਨ ਤੋਰਿ ਭਏ ਨਿਰਵੈਰ ॥
banDhan tor bha-ay nirvair.
His bonds are cut away, and he becomes free of hatred.
ਅਨਦਿਨੁ ਪੂਜਹਿ ਗੁਰ ਕੇ ਪੈਰ ॥
an-din poojeh gur kay pair.
Night and day, he worships the Feet of the Guru.
ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥
ih lok sukhee-ay parlok suhaylay.
He is at peace in this world, and happy in the next.
ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥
naanak har parabh aapeh maylay. ||4||
O Nanak, the Lord God unites him with Himself. ||4||
ਸਾਧਸੰਗਿ ਮਿਲਿ ਕਰਹੁ ਅਨੰਦ ॥
saaDhsang mil karahu anand.
Join the Company of the Holy, and be happy.
ਗੁਨ ਗਾਵਹੁ ਪ੍ਰਭ ਪਰਮਾਨੰਦ ॥
gun gaavhu parabh parmaanand.
Sing the Glories of God, the embodiment of supreme bliss.
ਰਾਮ ਨਾਮ ਤਤੁ ਕਰਹੁ ਬੀਚਾਰੁ ॥
raam naam tat karahu beechaar.
Contemplate the essence of the Lord's Name.
ਦ੍ਰੁਲਭ ਦੇਹ ਕਾ ਕਰਹੁ ਉਧਾਰੁ ॥
darulabh dayh kaa karahu uDhaar.
Redeem this human body, so difficult to obtain.

ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥
amrit bachan har kay gun gaa-o.
Sing the Ambrosial Words of the Lord's Glorious Praises;
ਪ੍ਰਾਨ ਤਰਨ ਕਾ ਇਹੈ ਸੁਆਉ ॥
paraan taran kaa ihai su-aa-o.
this is the way to save your mortal soul.
ਆਠ ਪਹਰ ਪ੍ਰਭ ਪੇਖਹੁ ਨੇਰਾ ॥
aath pahar parabh paykhahu nayraa.
Behold God near at hand, twenty-four hours a day.
ਮਿਟੈ ਅਗਿਆਨੁ ਬਿਨਸੈ ਅੰਧੇਰਾ ॥
mitai agi-aan binsai anDhayraa.
Ignorance shall depart, and darkness shall be dispelled.
ਸੁਨਿ ਉਪਦੇਸੁ ਹਿਰਦੈ ਬਸਾਵਹੁ ॥
sun updays hirdai basaavhu.
Listen to the Teachings, and enshrine them in your heart.
ਮਨ ਇਛੇ ਨਾਨਕ ਫਲ ਪਾਵਹੁ ॥੫॥
man ichhay naanak fal paavhu. ||5||
O Nanak, you shall obtain the fruits of your mind's desires. ||5||
ਹਲਤੁ ਪਲਤੁ ਦੁਇ ਲੇਹੁ ਸਵਾਰਿ ॥
halat palat du-ay layho savaar.
Embellish both this world and the next;
ਰਾਮ ਨਾਮੁ ਅੰਤਰਿ ਉਰਿ ਧਾਰਿ ॥
raam naam antar ur Dhaar.
enshrine the Lord's Name deep within your heart.
ਪੂਰੇ ਗੁਰ ਕੀ ਪੂਰੀ ਦੀਖਿਆ ॥
pooray gur kee pooree deekhi-aa.
Perfect are the Teachings of the Perfect Guru.
ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥
jis man basai tis saach pareekhi-aa.
That person, within whose mind it abides, realizes the Truth.
ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥
man tan naam japahu liv laa-ay.
With your mind and body, chant the Naam; lovingly attune yourself to it.

ਦੂਖੁ ਦਰਦੁ ਮਨ ਤੇ ਭਉ ਜਾਇ ॥

dookh darad man tay bha-o jaa-ay.

Sorrow, pain and fear shall depart from your mind.

ਸਚੁ ਵਾਪਾਰੁ ਕਰਹੁ ਵਾਪਾਰੀ ॥

sach vaapaar karahu vaapaaree.

Deal in the true trade, O trader,

ਦਰਗਹ ਨਿਬਹੈ ਖੇਪ ਤੁਮਾਰੀ ॥

dargeh nibhai khayp tumaaree.

and your merchandise shall be safe in the Court of the Lord.

ਏਕਾ ਟੇਕ ਰਖਹੁ ਮਨ ਮਾਹਿ ॥

aykaa tayk rakhahu man maahi.

Keep the Support of the One in your mind.

ਨਾਨਕ ਬਹੁਰਿ ਨ ਆਵਹਿ ਜਾਹਿ ॥੬॥

naanak bahur na aavahi jaahi. ||6||

O Nanak, you shall not have to come and go in reincarnation again. ||6||

ਤਿਸ ਤੇ ਦੂਰਿ ਕਹਾ ਕੋ ਜਾਇ ॥

tis tay door kahaa ko jaa-ay.

Where can anyone go, to get away from Him?

ਉਬਰੈ ਰਾਖਨਹਾਰੁ ਧਿਆਇ ॥

ubrai raakhanhaar Dhi-aa-ay.

Meditating on the Protector Lord, you shall be saved.

ਨਿਰਭਉ ਜਪੈ ਸਗਲ ਭਉ ਮਿਟੈ ॥

nirbha-o japai sagal bha-o mitai.

Meditating on the Fearless Lord, all fear departs.

ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥

parabh kirpaa tay paraanee chhutai.

By God's Grace, mortals are released.

ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ ॥

jis parabh raakhai tis naahee dookh.

One who is protected by God never suffers in pain.

ਨਾਮੁ ਜਪਤ ਮਨਿ ਹੋਵਤ ਸੂਖ ॥

naam japat man hovat sookh.

Chanting the Naam, the mind becomes peaceful.

ਚਿੰਤਾ ਜਾਇ ਮਿਟੈ ਅਹੰਕਾਰੁ ॥

chintaa jaa-ay mitai aha^{N}kaar.

Anxiety departs, and ego is eliminated.

ਤਿਸੁ ਜਨ ਕਉ ਕੋਇ ਨ ਪਹੁਚਨਹਾਰੁ ॥

tis jan ka-o ko-ay na pahuchanhaar.

No one can equal that humble servant.

ਸਿਰ ਊਪਰਿ ਠਾਢਾ ਗੁਰੁ ਸੂਰਾ ॥

sir oopar thaadhaa gur sooraa.

The Brave and Powerful Guru stands over his head.

ਨਾਨਕ ਤਾ ਕੇ ਕਾਰਜ ਪੂਰਾ ॥੭॥

naanak taa kay kaaraj pooraa. ||7||

O Nanak, his efforts are fulfilled. ||7||

ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ ॥

mat pooree amrit jaa kee darisat.

His wisdom is perfect, and His Glance is Ambrosial.

ਦਰਸਨੁ ਪੇਖਤ ਉਧਰਤ ਸ੍ਰਿਸਟਿ ॥

darsan paykhat uDhrat sarisat.

Beholding His Vision, the universe is saved.

ਚਰਨ ਕਮਲ ਜਾ ਕੇ ਅਨੂਪ ॥

charan kamal jaa kay anoop.

His Lotus Feet are incomparably beautiful.

ਸਫਲ ਦਰਸਨੁ ਸੁੰਦਰ ਹਰਿ ਰੂਪ ॥

safal darsan sundar har roop.

The Blessed Vision of His Darshan is fruitful and rewarding; His Lordly Form is beautiful.

ਧੰਨੁ ਸੇਵਾ ਸੇਵਕੁ ਪਰਵਾਨੁ ॥

Dhan sayvaa sayvak parvaan.

Blessed is His service; His servant is famous.

ਅੰਤਰਜਾਮੀ ਪੁਰਖੁ ਪ੍ਰਧਾਨੁ ॥

antarjaamee purakh parDhaan.

The Inner-knower, the Searcher of hearts, is the most exalted Supreme Being.

ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥

jis man basai so hot nihaal.

That one, within whose mind He abides, is blissfully happy.

ਤਾ ਕੈ ਨਿਕਟਿ ਨ ਆਵਤ ਕਾਲੁ ॥
taa kai nikat na aavat kaal.
Death does not draw near him.
ਅਮਰ ਭਏ ਅਮਰਾ ਪਦੁ ਪਾਇਆ ॥
amar bha-ay amraa pad paa-i-aa.
One becomes immortal, and obtains the immortal status,
ਸਾਧਸੰਗਿ ਨਾਨਕ ਹਰਿ ਧਿਆਇਆ ॥੮॥੨੨॥
saaDhsang naanak har Dhi-aa-i-aa. ||8||22||
meditating on the Lord, O Nanak, in the Company of the Holy. ||8||22||

ਸਲੋਕੁ ॥
salok.
Shalok:
ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
gi-aan anjan gur dee-aa agi-aan anDhayr binaas.
The Guru has given the healing ointment of spiritual wisdom, and dispelled the darkness of ignorance.
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥
har kirpaa tay sant bhayti-aa naanak man pargaas. ||1||
By the Lord's Grace, I have met the Saint; O Nanak, my mind is enlightened. ||1||

ਅਸਟਪਦੀ ॥
asatpadee.
Ashtapadee:
ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥
satsang antar parabh deethaa.
In the Society of the Saints, I see God deep within my being.
ਨਾਮੁ ਪ੍ਰਭੂ ਕਾ ਲਾਗਾ ਮੀਠਾ ॥
naam parabhoo kaa laagaa meethaa.
God's Name is sweet to me.

ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥

sagal samagree aykas ghat maahi.

All things are contained in the Heart of the One,

ਅਨਿਕ ਰੰਗ ਨਾਨਾ ਦ੍ਰਿਸਟਾਹਿ ॥

anik rang naanaa daristaahi.

although they appear in so many various colors.

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥

na-o niDh amrit parabh kaa naam.

The nine treasures are in the Ambrosial Name of God.

ਦੇਹੀ ਮਹਿ ਇਸ ਕਾ ਬਿਸ੍ਰਾਮੁ ॥

dayhee meh is kaa bisraam.

Within the human body is its place of rest.

ਸੁੰਨ ਸਮਾਧਿ ਅਨਹਤ ਤਹ ਨਾਦ ॥

sunn samaaDh anhat tah naad.

The Deepest Samaadhi, and the unstruck sound current of the Naad are there.

ਕਹਨੁ ਨ ਜਾਈ ਅਚਰਜ ਬਿਸਮਾਦ ॥

kahan na jaa-ee achraj bismaad.

The wonder and marvel of it cannot be described.

ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥

tin daykhi-aa jis aap dikhaa-ay.

He alone sees it, unto whom God Himself reveals it.

ਨਾਨਕ ਤਿਸੁ ਜਨ ਸੋਝੀ ਪਾਏ ॥੧॥

naanak tis jan sojhee paa-ay. ||1||

O Nanak, that humble being understands. ||1||

ਸੋ ਅੰਤਰਿ ਸੋ ਬਾਹਰਿ ਅਨੰਤ ॥

so antar so baahar anant.

The Infinite Lord is inside, and outside as well.

ਘਟਿ ਘਟਿ ਬਿਆਪਿ ਰਹਿਆ ਭਗਵੰਤ ॥

ghat ghat bi-aap rahi-aa bhagvant.

Deep within each and every heart, the Lord God is pervading.

ਧਰਨਿ ਮਾਹਿ ਆਕਾਸ ਪਇਆਲ ॥

Dharan maahi aakaas pa-i-aal.

In the earth, in the Akaashic ethers, and in the nether regions of the underworld

ਸਰਬ ਲੋਕ ਪੂਰਨ ਪ੍ਰਤਿਪਾਲ ॥
sarab lok pooran partipaal.
- in all worlds, He is the Perfect Cherisher.
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥
ban tin parbat hai paarbarahm.
In the forests, fields and mountains, He is the Supreme Lord God.
ਜੈਸੀ ਆਗਿਆ ਤੈਸਾ ਕਰਮੁ ॥
jaisee aagi-aa taisaa karam.
As He orders, so do His creatures act.
ਪਉਣ ਪਾਣੀ ਬੈਸੰਤਰ ਮਾਹਿ ॥
pa-un paanee baisantar maahi.
He permeates the winds and the waters.
ਚਾਰਿ ਕੁੰਟ ਦਹ ਦਿਸੇ ਸਮਾਹਿ ॥
chaar kunt dah disay samaahi.
He is pervading in the four corners and in the ten directions.
ਤਿਸ ਤੇ ਭਿੰਨ ਨਹੀ ਕੋ ਠਾਉ ॥
tis tay bhinn nahee ko thaa-o.
Without Him, there is no place at all.
ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥੨॥
gur parsaad naanak sukh paa-o. ||2||
By Guru's Grace, O Nanak, peace is obtained. ||2||
ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥
bayd puraan simrit meh daykh.
See Him in the Vedas, the Puraanas and the Simritees.
ਸਸੀਅਰ ਸੂਰ ਨਖ੍ਯ੍ਯਤ੍ਰ ਮਹਿ ਏਕੁ ॥
sasee-ar soor nakh-yatar meh ayk.
In the moon, the sun and the stars, He is the One.
ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥
banee parabh kee sabh ko bolai.
The Bani of God's Word is spoken by everyone.
ਆਪਿ ਅਡੋਲੁ ਨ ਕਬਹੂ ਡੋਲੈ ॥
aap adol na kabhoo dolai.
He Himself is unwavering - He never wavers.

ਸਰਬ ਕਲਾ ਕਰਿ ਖੇਲੈ ਖੇਲ ॥
sarab kalaa kar khaylai khayl.
With absolute power, He plays His play.
ਮੋਲਿ ਨ ਪਾਈਐ ਗੁਣਹ ਅਮੋਲ ॥
mol na paa-ee-ai gunah amol.
His value cannot be estimated; His virtues are invaluable.
ਸਰਬ ਜੋਤਿ ਮਹਿ ਜਾ ਕੀ ਜੋਤਿ ॥
sarab jot meh jaa kee jot.
In all light, is His Light.
ਧਾਰਿ ਰਹਿਓ ਸੁਆਮੀ ਓਤਿ ਪੋਤਿ ॥
Dhaar rahi-o su-aamee ot pot.
The Lord and Master supports the weave of the fabric of the universe.
ਗੁਰ ਪਰਸਾਦਿ ਭਰਮ ਕਾ ਨਾਸੁ ॥
gur parsaad bharam kaa naas.
By Guru's Grace, doubt is dispelled.
ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥
naanak tin meh ayhu bisaas. ||3||
O Nanak, this faith is firmly implanted within. ||3||
ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥
sant janaa kaa paykhan sabh barahm.
In the eye of the Saint, everything is God.
ਸੰਤ ਜਨਾ ਕੈ ਹਿਰਦੈ ਸਭਿ ਧਰਮ ॥
sant janaa kai hirdai sabh Dharam.
In the heart of the Saint, everything is Dharma.
ਸੰਤ ਜਨਾ ਸੁਨਹਿ ਸੁਭ ਬਚਨ ॥
sant janaa suneh subh bachan.
The Saint hears words of goodness.
ਸਰਬ ਬਿਆਪੀ ਰਾਮ ਸੰਗਿ ਰਚਨ ॥
sarab bi-aapee raam sang rachan.
He is absorbed in the All-pervading Lord.
ਜਿਨਿ ਜਾਤਾ ਤਿਸ ਕੀ ਇਹ ਰਹਤ ॥
jin jaataa tis kee ih rahat.
This is the way of life of one who knows God.

ਸਤਿ ਬਚਨ ਸਾਧੂ ਸਭਿ ਕਹਤ ॥
sat bachan saaDhoo sabh kahat.
True are all the words spoken by the Holy.
ਜੋ ਜੋ ਹੋਇ ਸੋਈ ਸੁਖੁ ਮਾਨੈ ॥
jo jo ho-ay so-ee sukh maanai.
Whatever happens, he peacefully accepts.
ਕਰਨ ਕਰਾਵਨਹਾਰੁ ਪ੍ਰਭੁ ਜਾਨੈ ॥
karan karaavanhaar parabh jaanai.
He knows God as the Doer, the Cause of causes.
ਅੰਤਰਿ ਬਸੇ ਬਾਹਰਿ ਭੀ ਓਹੀ ॥
antar basay baahar bhee ohee.
He dwells inside, and outside as well.
ਨਾਨਕ ਦਰਸਨੁ ਦੇਖਿ ਸਭ ਮੋਹੀ ॥੪॥
naanak darsan daykh sabh mohee. ||4||
O Nanak, beholding the Blessed Vision of His Darshan, all are fascinated. ||4||
ਆਪਿ ਸਤਿ ਕੀਆ ਸਭੁ ਸਤਿ ॥
aap sat kee-aa sabh sat.
He Himself is True, and all that He has made is True.
ਤਿਸੁ ਪ੍ਰਭ ਤੇ ਸਗਲੀ ਉਤਪਤਿ ॥
tis parabh tay saglee utpat.
The entire creation came from God.
ਤਿਸੁ ਭਾਵੈ ਤਾ ਕਰੇ ਬਿਸਥਾਰੁ ॥
tis bhaavai taa karay bisthaar.
As it pleases Him, He creates the expanse.
ਤਿਸੁ ਭਾਵੈ ਤਾ ਏਕੰਕਾਰੁ ॥
tis bhaavai taa aykankaar.
As it pleases Him, He becomes the One and Only again.
ਅਨਿਕ ਕਲਾ ਲਖੀ ਨਹ ਜਾਇ ॥
anik kalaa lakhee nah jaa-ay.
His powers are so numerous, they cannot be known.
ਜਿਸੁ ਭਾਵੈ ਤਿਸੁ ਲਏ ਮਿਲਾਇ ॥
jis bhaavai tis la-ay milaa-ay.
As it pleases Him, He merges us into Himself again.

ਕਵਨ ਨਿਕਟਿ ਕਵਨ ਕਹੀਐ ਦੂਰਿ ॥
kavan nikat kavan kahee-ai door.
Who is near, and who is far away?
ਆਪੇ ਆਪਿ ਆਪ ਭਰਪੂਰਿ ॥
aapay aap aap bharpoor.
He Himself is Himself pervading everywhere.
ਅੰਤਰਗਤਿ ਜਿਸੁ ਆਪਿ ਜਨਾਏ ॥
antargat jis aap janaa-ay.
One whom God causes to know that He is within the heart
ਨਾਨਕ ਤਿਸੁ ਜਨ ਆਪਿ ਬੁਝਾਏ ॥੫॥
naanak tis jan aap bujhaa-ay. ||5||
- O Nanak, He causes that person to understand Him. ||5||
ਸਰਬ ਭੂਤ ਆਪਿ ਵਰਤਾਰਾ ॥
sarab bhoot aap vartaaraa.
In all forms, He Himself is pervading.
ਸਰਬ ਨੈਨ ਆਪਿ ਪੇਖਨਹਾਰਾ ॥
sarab nain aap paykhanhaaraa.
Through all eyes, He Himself is watching.
ਸਗਲ ਸਮਗ੍ਰੀ ਜਾ ਕਾ ਤਨਾ ॥
sagal samagree jaa kaa tanaa.
All the creation is His Body.
ਆਪਨ ਜਸੁ ਆਪ ਹੀ ਸੁਨਾ ॥
aapan jas aap hee sunaa.
He Himself listens to His Own Praise.
ਆਵਨ ਜਾਨੁ ਇਕੁ ਖੇਲੁ ਬਨਾਇਆ ॥
aavan jaan ik khayl banaa-i-aa.
The One has created the drama of coming and going.
ਆਗਿਆਕਾਰੀ ਕੀਨੀ ਮਾਇਆ ॥
aagi-aakaaree keenee maa-i-aa.
He made Maya subservient to His Will.
ਸਭ ਕੈ ਮਧਿ ਅਲਿਪਤੋ ਰਹੈ ॥
sabh kai maDh alipato rahai.
In the midst of all, He remains unattached.
ਜੋ ਕਿਛੁ ਕਹਣਾ ਸੁ ਆਪੇ ਕਹੈ ॥
jo kichh kahnaa so aapay kahai.
Whatever is said, He Himself says.

ਆਗਿਆ ਆਵੈ ਆਗਿਆ ਜਾਇ ॥
aagi-aa aavai aagi-aa jaa-ay.
By His Will we come, and by His Will we go.
ਨਾਨਕ ਜਾ ਭਾਵੈ ਤਾ ਲਏ ਸਮਾਇ ॥੬॥
naanak jaa bhaavai taa la-ay samaa-ay. ||6||
O Nanak, when it pleases Him, then He absorbs us into Himself. ||6||
ਇਸ ਤੇ ਹੋਇ ਸੁ ਨਾਹੀ ਬੁਰਾ ॥
is tay ho-ay so naahee buraa.
If it comes from Him, it cannot be bad.
ਓਰੈ ਕਹਹੁ ਕਿਨੈ ਕਛੁ ਕਰਾ ॥
orai kahhu kinai kachh karaa.
Other than Him, who can do anything?
ਆਪਿ ਭਲਾ ਕਰਤੂਤਿ ਅਤਿ ਨੀਕੀ ॥
aap bhalaa kartoot at neekee.
He Himself is good; His actions are the very best.
ਆਪੇ ਜਾਨੈ ਅਪਨੇ ਜੀ ਕੀ ॥
aapay jaanai apnay jee kee.
He Himself knows His Own Being.
ਆਪਿ ਸਾਚੁ ਧਾਰੀ ਸਭ ਸਾਚੁ ॥
aap saach Dhaaree sabh saach.
He Himself is True, and all that He has established is True.
ਓਤਿ ਪੋਤਿ ਆਪਨ ਸੰਗਿ ਰਾਚੁ ॥
ot pot aapan sang raach.
Through and through, He is blended with His creation.
ਤਾ ਕੀ ਗਤਿ ਮਿਤਿ ਕਹੀ ਨ ਜਾਇ ॥
taa kee gat mit kahee na jaa-ay.
His state and extent cannot be described.
ਦੂਸਰ ਹੋਇ ਤ ਸੋਝੀ ਪਾਇ ॥
doosar ho-ay ta sojhee paa-ay.
If there were another like Him, then only he could understand Him.
ਤਿਸ ਕਾ ਕੀਆ ਸਭੁ ਪਰਵਾਨੁ ॥
tis kaa kee-aa sabh parvaan.
His actions are all approved and accepted.

ਗੁਰ ਪ੍ਰਸਾਦਿ ਨਾਨਕ ਇਹੁ ਜਾਨੁ ॥੭॥
gur parsaad naanak ih jaan. ||7||
By Guru's Grace, O Nanak, this is known. ||7||
ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥
jo jaanai tis sadaa sukh ho-ay.
One who knows Him, obtains everlasting peace.
ਆਪਿ ਮਿਲਾਇ ਲਏ ਪ੍ਰਭੁ ਸੋਇ ॥
aap milaa-ay la-ay parabh so-ay.
God blends that one into Himself.
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥
oh Dhanvant kulvant pativant.
He is wealth and prosperous, and of noble birth.
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥
jeevan mukat jis ridai bhagvant.
He is Jivan Mukta - liberated while yet alive; the Lord God abides in his heart.
ਧੰਨੁ ਧੰਨੁ ਧੰਨੁ ਜਨੁ ਆਇਆ ॥
Dhan Dhan Dhan jan aa-i-aa.
Blessed, blessed, blessed is the coming of that humble being;
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
jis parsaad sabh jagat taraa-i-aa.
by his grace, the whole world is saved.
ਜਨ ਆਵਨ ਕਾ ਇਹੈ ਸੁਆਉ ॥
jan aavan kaa ihai su-aa-o.
This is his purpose in life;
ਜਨ ਕੈ ਸੰਗਿ ਚਿਤਿ ਆਵੈ ਨਾਉ ॥
jan kai sang chit aavai naa-o.
in the Company of this humble servant, the Lord's Name comes to mind.
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
aap mukat mukat karai sansaar.
He Himself is liberated, and He liberates the universe.
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥
naanak tis jan ka-o sadaa namaskaar. ||8||23||
O Nanak, to that humble servant, I bow in reverence forever. ||8||23||

ਸਲੋਕੁ ॥

salok.

Shalok:

ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥

pooraa parabh aaraaDhi-aa pooraa jaa kaa naa-o.

I worship and adore the Perfect Lord God. Perfect is His Name.

ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥੧॥

naanak pooraa paa-i-aa pooray kay gun gaa-o. ||1||

O Nanak, I have obtained the Perfect One; I sing the Glorious Praises of the Perfect Lord. ||1||

ਅਸਟਪਦੀ ॥

asatpadee.

Ashtapadee:

ਪੂਰੇ ਗੁਰ ਕਾ ਸੁਨਿ ਉਪਦੇਸੁ ॥

pooray gur kaa sun updays.

Listen to the Teachings of the Perfect Guru;

ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥

paarbarahm nikat kar paykh.

see the Supreme Lord God near you.

ਸਾਸਿ ਸਾਸਿ ਸਿਮਰਹੁ ਗੋਬਿੰਦ ॥

saas saas simrahu gobind.

With each and every breath, meditate in remembrance on the Lord of the Universe,

ਮਨ ਅੰਤਰ ਕੀ ਉਤਰੈ ਚਿੰਦ ॥

man antar kee utrai chind.

and the anxiety within your mind shall depart.

ਆਸ ਅਨਿਤ ਤਿਆਗਹੁ ਤਰੰਗ ॥

aas anit ti-aagahu tarang.

Abandon the waves of fleeting desire,

ਸੰਤ ਜਨਾ ਕੀ ਧੂਰਿ ਮਨ ਮੰਗ ॥
sant janaa kee Dhoor man mang.
and pray for the dust of the feet of the Saints.
ਆਪੁ ਛੋਡਿ ਬੇਨਤੀ ਕਰਹੁ ॥
aap chhod payntee karahu.
Renounce your selfishness and conceit and offer your prayers.
ਸਾਧਸੰਗਿ ਅਗਨਿ ਸਾਗਰੁ ਤਰਹੁ ॥
saaDhsang agan saagar tarahu.
In the Saadh Sangat, the Company of the Holy, cross over the ocean of fire.
ਹਰਿ ਧਨ ਕੇ ਭਰਿ ਲੇਹੁ ਭੰਡਾਰ ॥
har Dhan kay bhar layho bhandaar.
Fill your stores with the wealth of the Lord.
ਨਾਨਕ ਗੁਰ ਪੂਰੇ ਨਮਸਕਾਰ ॥੧॥
naanak gur pooray namaskaar. ||1||
Nanak bows in humility and reverence to the Perfect Guru. ||1||
ਖੇਮ ਕੁਸਲ ਸਹਜ ਆਨੰਦ ॥
khaym kusal sahj aanand.
Happiness, intuitive peace, poise and bliss
ਸਾਧਸੰਗਿ ਭਜੁ ਪਰਮਾਨੰਦ ॥
saaDhsang bhaj parmaanand.
- in the Company of the Holy, meditate on the Lord of supreme bliss.
ਨਰਕ ਨਿਵਾਰਿ ਉਧਾਰਹੁ ਜੀਉ ॥
narak nivaar uDhaarahu jee-o.
You shall be spared from hell - save your soul!
ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ ॥
gun gobind amrit ras pee-o.
Drink in the ambrosial essence of the Glorious Praises of the Lord of the Universe.
ਚਿਤਿ ਚਿਤਵਹੁ ਨਾਰਾਇਣ ਏਕ ॥
chit chitvahu naaraa-in ayk.
Focus your consciousness on the One, the All-pervading Lord
ਏਕ ਰੂਪ ਜਾ ਕੇ ਰੰਗ ਅਨੇਕ ॥
ayk roop jaa kay rang anayk.
- He has One Form, but He has many manifestations.

ਗੋਪਾਲ ਦਾਮੋਦਰ ਦੀਨ ਦਇਆਲ ॥

gopaal daamodar deen da-i-aal.

Sustainer of the Universe, Lord of the world, Kind to the poor,

ਦੁਖ ਭੰਜਨ ਪੂਰਨ ਕਿਰਪਾਲ ॥

dukh bhanjan pooran kirpaal.

Destroyer of sorrow, perfectly Merciful.

ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥

simar simar naam baara^{N} baar.

Meditate, meditate in remembrance on the Naam, again and again.

ਨਾਨਕ ਜੀਅ ਕਾ ਇਹੈ ਅਧਾਰ ॥੨॥

naanak jee-a kaa ihai aDhaar. ||2||

O Nanak, it is the Support of the soul. ||2||

ਉਤਮ ਸਲੋਕ ਸਾਧ ਕੇ ਬਚਨ ॥

utam salok saaDh kay bachan.

The most sublime hymns are the Words of the Holy.

ਅਮੁਲੀਕ ਲਾਲ ਏਹਿ ਰਤਨ ॥

amuleek laal ayhi ratan.

These are priceless rubies and gems.

ਸੁਨਤ ਕਮਾਵਤ ਹੋਤ ਉਧਾਰ ॥

sunat kamaavat hot uDhaar.

One who listens and acts on them is saved.

ਆਪਿ ਤਰੈ ਲੋਕਹ ਨਿਸਤਾਰ ॥

aap tarai lokah nistaar.

He himself swims across, and saves others as well.

ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥

safal jeevan safal taa kaa sang.

His life is prosperous, and his company is fruitful;

ਜਾ ਕੈ ਮਨਿ ਲਾਗਾ ਹਰਿ ਰੰਗੁ ॥

jaa kai man laagaa har rang.

his mind is imbued with the love of the Lord.

ਜੈ ਜੈ ਸਬਦੁ ਅਨਾਹਦੁ ਵਾਜੈ ॥

jai jai sabad anaahad vaajai.

Hail, hail to him, for whom the sound current of the Shabad vibrates.

ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥
sun sun anad karay parabh gaajai.
Hearing it again and again, he is in bliss, proclaiming God's Praises.

ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥
pargatay gupaal mahaaNt kai maathay.
The Lord radiates from the foreheads of the Holy.

ਨਾਨਕ ਉਧਰੇ ਤਿਨ ਕੈ ਸਾਥੇ ॥੩॥
naanak uDhray tin kai saathay. ||3||
Nanak is saved in their company. ||3||

ਸਰਨਿ ਜੋਗੁ ਸੁਨਿ ਸਰਨੀ ਆਏ ॥
saran jog sun sarnee aa-ay.
Hearing that He can give Sanctuary, I have come seeking His Sanctuary.

ਕਰਿ ਕਿਰਪਾ ਪ੍ਰਭ ਆਪ ਮਿਲਾਏ ॥
kar kirpaa parabh aap milaa-ay.
Bestowing His Mercy, God has blended me with Himself.

ਮਿਟਿ ਗਏ ਬੈਰ ਭਏ ਸਭ ਰੇਨ ॥
mit ga-ay bair bha-ay sabh rayn.
Hatred is gone, and I have become the dust of all.

ਅੰਮ੍ਰਿਤ ਨਾਮੁ ਸਾਧਸੰਗਿ ਲੈਨ ॥
amrit naam saaDhsang lain.
I have received the Ambrosial Naam in the Company of the Holy.

ਸੁਪ੍ਰਸੰਨ ਭਏ ਗੁਰਦੇਵ ॥
suparsan bha-ay gurdayv.
The Divine Guru is perfectly pleased;

ਪੂਰਨ ਹੋਈ ਸੇਵਕ ਕੀ ਸੇਵ ॥
pooran ho-ee sayvak kee sayv.
the service of His servant has been rewarded.

ਆਲ ਜੰਜਾਲ ਬਿਕਾਰ ਤੇ ਰਹਤੇ ॥
aal janjaal bikaar tay rahtay.
I have been released from worldly entanglements and corruption,

ਰਾਮ ਨਾਮ ਸੁਨਿ ਰਸਨਾ ਕਹਤੇ ॥
raam naam sun rasnaa kahtay.
hearing the Lord's Name and chanting it with my tongue.
ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥
kar parsaad da-i-aa parabh Dhaaree.
By His Grace, God has bestowed His Mercy.
ਨਾਨਕ ਨਿਬਹੀ ਖੇਪ ਹਮਾਰੀ ॥੪॥
naanak nibhee khayp hamaaree. ||4||
O Nanak, my merchandise has arrived save and sound. ||4||
ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
parabh kee ustat karahu sant meet.
Sing the Praises of God, O Saints, O friends,
ਸਾਵਧਾਨ ਏਕਾਗਰ ਚੀਤ ॥
saavDhaan aykaagar cheet.
with total concentration and one-pointedness of mind.
ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥
sukhmanee sahj gobind gun naam.
Sukhmani is the peaceful ease, the Glory of God, the Naam.
ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥
jis man basai so hot niDhaan.
When it abides in the mind, one becomes wealthy.
ਸਰਬ ਇਛਾ ਤਾ ਕੀ ਪੂਰਨ ਹੋਇ ॥
sarab ichhaa taa kee pooran ho-ay.
All desires are fulfilled.
ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥
parDhaan purakh pargat sabh lo-ay.
One becomes the most respected person, famous all over the world.
ਸਭ ਤੇ ਊਚ ਪਾਏ ਅਸਥਾਨੁ ॥
sabh tay ooch paa-ay asthaan.
He obtains the highest place of all.
ਬਹੁਰਿ ਨ ਹੋਵੈ ਆਵਨ ਜਾਨੁ ॥
bahur na hovai aavan jaan.
He does not come and go in reincarnation any longer.

ਹਰਿ ਧਨੁ ਖਾਟਿ ਚਲੈ ਜਨੁ ਸੋਇ ॥
har Dhan khaat chalai jan so-ay.
One who departs, after earning the wealth of the Lord's Name,
ਨਾਨਕ ਜਿਸਹਿ ਪਰਾਪਤਿ ਹੋਇ ॥੫॥
naanak jisahi paraapat ho-ay. ||5||
O Nanak, realizes it. ||5||
ਖੇਮ ਸਾਂਤਿ ਰਿਧਿ ਨਵ ਨਿਧਿ ॥
khaym saa^{N}t riDh nav niDh.
Comfort, peace and tranquility, wealth and the nine treasures;
ਬੁਧਿ ਗਿਆਨੁ ਸਰਬ ਤਹ ਸਿਧਿ ॥
buDh gi-aan sarab tah siDh.
wisdom, knowledge, and all spiritual powers;
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥
bidi-aa tap jog parabh Dhi-aan.
learning, penance, Yoga and meditation on God;
ਗਿਆਨੁ ਸ੍ਰੇਸਟ ਊਤਮ ਇਸਨਾਨੁ ॥
gi-aan saraysat ootam isnaan.
The most sublime wisdom and purifying baths;
ਚਾਰਿ ਪਦਾਰਥ ਕਮਲ ਪ੍ਰਗਾਸ ॥
chaar padaarath kamal pargaas.
the four cardinal blessings, the opening of the heart-lotus;
ਸਭ ਕੈ ਮਧਿ ਸਗਲ ਤੇ ਉਦਾਸ ॥
sabh kai maDh sagal tay udaas.
in the midst of all, and yet detached from all;
ਸੁੰਦਰੁ ਚਤੁਰੁ ਤਤ ਕਾ ਬੇਤਾ ॥
sundar chatur tat kaa baytaa.
beauty, intelligence, and the realization of reality;
ਸਮਦਰਸੀ ਏਕ ਦ੍ਰਿਸਟੇਤਾ ॥
samadrasee ayk daristaytaa.
to look impartially upon all, and to see only the One
ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥
ih fal tis jan kai mukh bhanay. gur naanak naam bachan man sunay. ||6||
- these blessings come to one who, through Guru Nanak, chants the Naam with his mouth, and hears the Word with his ears. ||6||

ਇਹੁ ਨਿਧਾਨੁ ਜਪੈ ਮਨਿ ਕੋਇ ॥
ih niDhaan japai man ko-ay.
One who chants this treasure in his mind
ਸਭ ਜੁਗ ਮਹਿ ਤਾ ਕੀ ਗਤਿ ਹੋਇ ॥
sabh jug meh taa kee gat ho-ay.
- in every age, he attains salvation.
ਗੁਣ ਗੋਬਿੰਦ ਨਾਮ ਧੁਨਿ ਬਾਣੀ ॥
gun gobind naam Dhun banee.
In it is the Glory of God, the Naam, the chanting of Gurbani.
ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥
simrit saastar bayd bakhaanee.
The Simritees, the Shaastras and the Vedas speak of it.
ਸਗਲ ਮਤਾਂਤ ਕੇਵਲ ਹਰਿ ਨਾਮ ॥
sagal mataa^{N}t kayval har naam.
The essence of all religion is the Lord's Name alone.
ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥
gobind bhagat kai man bisraam.
It abides in the minds of the devotees of God.
ਕੋਟਿ ਅਪ੍ਰਾਧ ਸਾਧਸੰਗਿ ਮਿਟੈ ॥
kot apraaDh saaDhsang mitai.
Millions of sins are erased, in the Company of the Holy.
ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥
sant kirpaa tay jam tay chhutai.
By the Grace of the Saint, one escapes the Messenger of Death.
ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥
jaa kai mastak karam parabh paa-ay.
Those, who have such pre-ordained destiny on their foreheads,
ਸਾਧ ਸਰਣਿ ਨਾਨਕ ਤੇ ਆਏ ॥੭॥
saaDh saran naanak tay aa-ay. ||7||
O Nanak, enter the Sanctuary of the Saints. ||7||
ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥
jis man basai sunai laa-ay pareet.
One, within whose mind it abides, and who listens to it with love

ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥

tis jan aavai har parabh cheet.

- that humble person consciously remembers the Lord God.

ਜਨਮ ਮਰਨ ਤਾ ਕਾ ਦੂਖੁ ਨਿਵਾਰੈ ॥

janam maran taa kaa dookh nivaarai.

The pains of birth and death are removed.

ਦੁਲਭ ਦੇਹ ਤਤਕਾਲ ਉਧਾਰੈ ॥

dulabh dayh tatkaal uDhaarai.

The human body, so difficult to obtain, is instantly redeemed.

ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥

nirmal sobhaa amrit taa kee baanee.

Spotlessly pure is his reputation, and ambrosial is his speech.

ਏਕੁ ਨਾਮੁ ਮਨ ਮਾਹਿ ਸਮਾਨੀ ॥

ayk naam man maahi samaanee.

The One Name permeates his mind.

ਦੂਖ ਰੋਗ ਬਿਨਸੇ ਭੈ ਭਰਮ ॥

dookh rog binsay bhai bharam.

Sorrow, sickness, fear and doubt depart.

ਸਾਧ ਨਾਮ ਨਿਰਮਲ ਤਾ ਕੇ ਕਰਮ ॥

saaDh naam nirmal taa kay karam.

He is called a Holy person; his actions are immaculate and pure.

ਸਭ ਤੇ ਊਚ ਤਾ ਕੀ ਸੋਭਾ ਬਨੀ ॥

sabh tay ooch taa kee sobhaa banee.

His glory becomes the highest of all.

ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥

naanak ih gun naam sukhmanee. ||8||24||

O Nanak, by these Glorious Virtues, this is named Sukhmani, Peace of mind. ||8||24||